
# ਪੰਜਾਬੀ ਵਿਆਕਰਨ ਅਤੇ ਲੇਖ ਰਚਨਾ




-ਜਗਤਾਰ ਸਿੰਘ ਸੋਖੀ
-9417166386

Scanned by CamScanner

# ਕਿਰਿਆ

**ਉਹ ਸ਼ਬਦ ਜਿਹੜਾ ਕਿਸੇ ਕੰਮ ਦਾ ਕਰਨਾ ਜਾਂ ਕੰਮ ਦਾ ਹੋਣਾ, ਕਾਲ ਸਮੇਤ ਪ੍ਰਗਟ ਕਰੇ ਉਸ ਨੂੰ ਕਿਰਿਆ ਕਿਹਾ ਜਾਂਦਾ ਹੈ।**

ਹਰ ਵਾਕ ਵਿੱਚ ਕਿਰਿਆ ਹੁੰਦੀ ਹੈ। ਕਿਰਿਆ ਤੋਂ ਬਿਨਾਂ ਕਿਸੇ ਵਾਕ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੰਜਾਬੀ ਵਿੱਚ ਆਮ ਤੌਰ ਤੇ ਕਿਰਿਆ ਵਾਕ ਦੇ ਅੰਤ ਵਿੱਚ ਆਉਂਦੀ ਹੈ। ਕਿਰਿਆ ਤੋਂ ਹੀ ਵਾਕ ਵਿੱਚ ਕਰਤਾ, ਕਰਮ ਆਦਿ ਦਾ ਪਤਾ ਲੱਗਦਾ ਹੈ।

- ਮਾਤਾ ਜੀ ਖਾਣਾ ਬਣਾ ਰਹੇ ਹਨ।
- ਬੱਚਾ ਹੱਸਦਾ ਹੈ।
- ਰਿੰਪੀ ਖੇਡਦੀ ਹੈ।
- ਸੁਮੀਤ ਗਾਉਂਦਾ ਹੈ।

ਉਪਰੋਕਤ ਵਾਕਾਂ ਵਿੱਚ ਬਣਾ ਰਹੇ, ਹੱਸਦਾ, ਖੇਡਦੀ, ਗਾਉਂਦਾ ਸਾਰੇ ਕਿਰਿਆ ਸ਼ਬਦ ਹਨ।

ਕਰਤਾ – ਕਿਸੇ ਵੀ ਵਾਕ ਵਿੱਚ ਕੰਮ ਕਰਨ ਵਾਲ਼ੇ ਨੂੰ 'ਕਰਤਾ' ਕਿਹਾ ਜਾਂਦਾ ਹੈ; ਜਿਵੇਂ: 'ਚਪੜਾਸੀ ਨੇ ਘੰਟੀ ਵਜਾਈ' ਵਾਕ ਵਿੱਚ 'ਚਪੜਾਸੀ' ਕਰਤਾ ਹੈ।

ਕਰਮ – ਵਾਕ ਵਿੱਚ ਜਿਸ ਉੱਤੇ ਕੰਮ ਕੀਤਾ ਜਾਵੇ, ਉਸ ਨੂੰ ਕਰਮ ਕਿਹਾ ਜਾਂਦਾ ਹੈ; ਜਿਵੇਂ: 'ਚਪੜਾਸੀ ਨੇ ਘੰਟੀ ਵਜਾਈ' ਵਾਕ ਵਿੱਚ 'ਘੰਟੀ' ਕਰਮ ਹੈ। ਕਿਉਂਕਿ ਸਾਰੀ ਕਿਰਿਆ 'ਘੰਟੀ' ਤੇ ਹੀ ਹੋਈ ਹੈ।

ਕਰਮ ਕਰਕੇ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।

1. ਅਕਰਮਕ ਕਿਰਿਆ
2. ਸਕਰਮਕ ਕਿਰਿਆ

1. ਅਕਰਮਕ ਕਿਰਿਆ – ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਹਿੰਦੇ ਹਨ; ਜਿਵੇਂ:-

- ਵਰਖਾ ਪੈ ਰਹੀ ਹੈ।
- ਰੂਪਾ ਪੜ੍ਹਦੀ ਹੈ।
- ਸੂਰਜ ਨਿੱਕਲ ਆਇਆ ਹੈ।
- ਸੁਰਿੰਦਰ ਲਿਖਦਾ ਹੈ।

ਉਪਰੋਕਤ ਵਾਕਾਂ ਵਿੱਚ ਵਰਖਾ, ਰੂਪਾ, ਸੂਰਜ ਅਤੇ ਸੁਰਿੰਦਰ ਸਿਰਫ਼ ਕਰਤਾ ਹੈ, ਇਹਨਾਂ ਦੀਆਂ ਕਿਰਿਆਵਾਂ - ਪੈ ਰਹੀ ਹੈ, ਪੜ੍ਹਦੀ ਹੈ, ਨਿੱਕਲ ਆਇਆ ਹੈ, ਲਿਖਦਾ ਹੈ ਅਕਰਮਕ ਕਿਰਿਆਵਾਂ ਹਨ।

2. ਸਕਰਮਕ ਕਿਰਿਆ – ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ; ਸਕਰਮਕ ਕਿਰਿਆ ਕਿਹਾ ਜਾਂਦਾ ਹੈ; ਜਿਵੇਂ:-

- ਮਾਤਾ ਜੀ ਚਰਖਾ ਕੱਤਦੇ ਹਨ।
- ਵਿਦਿਆਰਥੀ ਪਾਠ ਯਾਦ ਕਰਦੇ ਹਨ।
- ਬੱਚੇ ਫ਼ੁਟਬਾਲ ਖੇਡ ਰਹੇ ਹਨ।
- ਰੀਟਾ ਰਸਾਲਾ ਪੜ੍ਹਦੀ ਹੈ।

Scanned by CamScanner

ਉਪਰੋਕਤ ਵਾਕਾਂ ਵਿੱਚ 'ਮਾਤਾ ਜੀ', 'ਵਿਦਿਆਰਥੀ', 'ਬੱਚੇ' ਅਤੇ 'ਰੀਟਾ' ਕਰਤਾ ਹਨ। 'ਚਰਖਾ', 'ਪਾਠ', 'ਫੁਟਬਾਲ' ਅਤੇ ਰਸਾਲਾ ਕਰਮ ਹਨ। ਇਸ ਲਈ 'ਕੱਤਦੇ ਹਨ', 'ਯਾਦ ਕਰਦੇ ਹਨ' 'ਖੇਡ ਰਹੇ ਹਨ' ਅਤੇ 'ਪੜ੍ਹਦੀ ਹੈ' ਸਕਰਮਕ ਕਿਰਿਆਵਾਂ ਹਨ।

## ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਕਿਰਿਆ ਦੀ ਪਰਿਭਾਸ਼ਾ ਲਿਖੋ।

(ਅ) ਕਰਤਾ ਤੋਂ ਕੀ ਭਾਵ ਹੈ।

(ੲ) ਕਰਮ ਤੋਂ ਕੀ ਭਾਵ ਹੈ।

(ਸ) ਅਕਰਮਕ ਕਿਰਿਆ ਕਿਸ ਨੂੰ ਕਹਿੰਦੇ ਹਨ?

(ਹ) ਸਕਰਮਕ ਕਿਰਿਆ ਕਿਸ ਨੂੰ ਕਹਿੰਦੇ ਹਨ?

2. ਖਾਲੀ ਥਾਵਾਂ ਭਰੋ।

(ੳ) ਜਿਸ ਸ਼ਬਦ ਤੋਂ ਕਿਸੇ ਕੰਮ ਦੇ ਕਰਨ ਜਾਂ ਹੋਣ ਦਾ ਪਤਾ ਲੱਗੇ, ਉਸ ਨੂੰ ______ ਕਿਹਾ ਜਾਂਦਾ ਹੈ। (ਨਾਂਵ, ਕਿਰਿਆ)

(ਅ) ਕਿਰਿਆ ਦੇ ______ ਭੇਦ ਹੁੰਦੇ ਹਨ। (ਦੋ, ਤਿੰਨ)

(ੲ) ਅਕਰਮਕ ਕਿਰਿਆ ਤੋਂ ਭਾਵ ______ ਤੋਂ ਬਿਨਾਂ। (ਕਰਮ, ਕਰਤਾ)

(ਸ) ਸਕਰਮਕ ਕਿਰਿਆ ਤੋਂ ਭਾਵ ______ ਦੇ ਨਾਲ। (ਕਰਤਾ, ਕਰਮ)

3. ਕਿਰਿਆ ਦਾ ਸਹੀ ਰੂਪ ਖਾਲੀ ਥਾਂ ਵਿੱਚ ਭਰੋ:

(ੳ) ਅਧਿਆਪਕ ਨੇ ਕਲਮ ______। (ਘੜੀ, ਤੋੜੀ, ਬਣਾਈ)

(ਅ) ਆਜੜੀ ਬੱਕਰੀਆਂ ______ ਰਿਹਾ ਹੈ। (ਖਿਡਾ, ਚਰਾ, ਭਜਾ)

(ੲ) ਸ਼ਾਮ ਗੇਂਦ ਨਾਲ਼ ______ ਹੈ। (ਦੌੜਦਾ, ਰੱਖਦਾ, ਖੇਡਦਾ)

(ਸ) ਦਰਜ਼ੀ ਨੇ ਕੋਟ ______। (ਕੱਟਿਆ, ਫੜਿਆ, ਸੀਤਾ)

4. ਹੇਠਾਂ ਦਿੱਤੇ ਵਾਕਾਂ ਵਿੱਚੋਂ ਕਰਮ ਪਛਾਣ ਕੇ ਉਸ ਦੇ ਹੇਠਾਂ ਲਕੀਰ ਲਗਾਓ:

(ੳ) ਰੇਸ਼ਮ ਨੇ ਸਟੇਜ 'ਤੇ ਗਾਣਾ ਗਾਇਆ।

(ਅ) ਮਹਿੰਦਰ ਨੇ ਸੁੰਦਰ ਮਕਾਨ ਬਣਾਇਆ।

(ੲ) ਬੱਚਿਆਂ ਨੇ ਬਾਗ਼ ਵਿੱਚੋਂ ਅਮਰੂਦ ਤੋੜੇ।

(ਸ) ਗੀਤਾ ਨੇ ਮੀਤਾ ਨੂੰ ਚਿੱਠੀ ਲਿਖੀ।

(ਹ) ਲੜਕੀਆਂ ਗਿੱਧਾ ਅਤੇ ਬੋਲੀਆਂ ਪਾ ਰਹੀਆਂ ਹਨ।

Scanned by CamScanner

5. ਹੇਠਾਂ ਦਿੱਤੇ ਵਾਕਾਂ ਵਿਚਲੀ ਅਕਰਮਕ ਕਿਰਿਆ ਨੂੰ ਸਕਰਮਕ ਕਿਰਿਆ ਬਣਾ ਕੇ ਵਾਕ ਲਿਖੋ:

(ੳ) ਰਾਜੂ ਪੜ੍ਹਦਾ ਹੈ। ------------------

(ਅ) ਸੁਰਜੀਤ ਕੱਤਦੀ ਹੈ। ------------------

(ੲ) ਪਰਮ ਗਾ ਰਹੀ ਹੈ। ------------------

(ਸ) ਦਾਦੀ ਮਾਂ ਸੁਣਾਉਂਦੀ ਹੈ। ------------------

(ਹ) ਮਾਤਾ ਜੀ ਬਣਾ ਰਹੇ ਹਨ। ------------------

6. ਹੇਠ ਲਿਖੇ ਵਾਕਾਂ ਵਿੱਚੋਂ ਸਕਰਮਕ ਕਿਰਿਆ ਚੁਣ ਕੇ ਲਿਖੋ:

(ੳ) ਹਾਥੀ ਜੰਗਲ ਵਿੱਚ ਸੈਰ ਕਰ ਰਿਹਾ ਸੀ।

------------------

(ਅ) ਬੱਚੇ ਕ੍ਰਿਕਟ ਖੇਡ ਰਹੇ ਹਨ।

------------------

(ੲ) ਪਿਤਾ ਜੀ ਅਖ਼ਬਾਰ ਪੜ੍ਹ ਰਹੇ ਸਨ।

------------------

(ਸ) ਮਾਤਾ ਜੀ ਰੋਟੀ ਪਕਾ ਰਹੇ ਹਨ।

------------------

(ਹ) ਬਬਲੀ ਨਾਵਲ ਪੜ੍ਹ ਰਹੀ ਹੈ।

------------------

(ਕ) ਗੋਪਾਲ ਗੇਂਦ ਨਾਲ਼ ਖੇਡਦਾ ਹੈ।

------------------

(ਖ) ਉਹਨਾਂ ਨੇ ਹਾਕੀ ਦਾ ਮੈਚ ਜਿੱਤ ਲਿਆ ਹੈ।

------------------

(ਗ) ਉਹ ਦਰਵਾਜ਼ਾ ਬੰਦ ਕਰ ਰਿਹਾ ਹੈ।

------------------

(ਘ) ਧੋਬੀ ਕੱਪੜੇ ਧੋ ਰਿਹਾ ਹੈ।

------------------

(ਙ) ਸੁਮਨ ਗੀਤ ਗਾਉਂਦੀ ਹੈ।

------------------

Scanned by CamScanner

# ਕਾਲ (ਸਮਾਂ)


ਸੁਮਨ ਖੇਡ ਰਹੀ ਹੈ।
ਐਤਵਾਰ ਨੂੰ ਬਜ਼ਾਰ ਬੰਦ ਸੀ।
ਕਰਨ ਮੇਲਾ ਦੇਖਣ ਜਾਵੇਗਾ।

ਉਪਰੋਕਤ ਵਾਕਾਂ ਵਿੱਚ, ਖੇਡ ਰਹੀ ਹੈ, ਬੰਦ ਸੀ ਅਤੇ ਜਾਵੇਗਾ ਕਿਰਿਆ ਸ਼ਬਦ ਹਨ।

> ਕਿਰਿਆ ਦੇ ਜਿਸ ਰੂਪ ਤੋਂ ਕੰਮ ਦੇ ਹੋਣ ਦੇ ਸਮੇਂ ਦਾ ਪਤਾ ਲੱਗੇ ਉਸ ਨੂੰ ਕਾਲ ਕਿਹਾ ਜਾਂਦਾ ਹੈ।

ਕਾਲ ਦੇ ਭੇਦ! ਕਾਲ ਦੇ ਤਿੰਨ ਭੇਦ ਹਨ:

(1) ਭੂਤ ਕਾਲ
(2) ਵਰਤਮਾਨ ਕਾਲ
(3) ਭਵਿੱਖਤ ਕਾਲ




1. ਭੂਤ ਕਾਲ :- ਵਾਕ ਵਿੱਚ ਕਿਰਿਆ ਦੇ ਜਿਸ ਰੂਪ ਤੋਂ ਬੀਤੇ ਹੋਏ ਸਮੇਂ ਦਾ ਪਤਾ ਲੱਗੇ, ਉਸ ਨੂੰ ਭੂਤ ਕਾਲ ਕਹਿੰਦੇ ਹਨ; ਜਿਵੇਂ : ਰੀਟਾ ਨੇ ਪਾਠ ਸੁਣਾਇਆ। ਮੋਹਨ ਕੋਲ ਬੜਾ ਪੈਸਾ ਸੀ। ਰਾਮ ਅਤੇ ਮਹਿੰਦਰ ਕੱਲ ਮੇਲੇ ਗਏ ਸਨ।
ਭੂਤ ਕਾਲ ਵਿੱਚ ਆਮ ਕਰਕੇ ਵਾਕਾਂ ਦੇ ਅੰਤ ਵਿੱਚ 'ਸੀ', 'ਸਨ' ਲੱਗਦਾ ਹੈ।

2. ਵਰਤਮਾਨ ਕਾਲ :- ਵਾਕ ਵਿੱਚ ਕਿਰਿਆ ਦੇ ਜਿਸ ਰੂਪ ਤੋਂ ਹੁਣ ਦੇ ਭਾਵ ਚਲ ਰਹੇ ਸਮੇਂ ਦਾ ਪਤਾ ਲੱਗੇ, ਉਸ ਨੂੰ ਵਰਤਮਾਨ ਕਾਲ ਕਹਿੰਦੇ ਹਨ; ਜਿਵੇਂ: ਅਧਿਆਪਕ ਸਾਨੂੰ ਪੜ੍ਹਾ ਰਹੇ ਹਨ। ਪੰਛੀ ਉੱਡ ਰਹੇ ਹਨ। ਬੱਚਾ ਖੇਡਦਾ ਹੈ।
ਵਰਤਮਾਨ ਕਾਲ ਵਿੱਚ ਆਮ ਕਰਕੇ ਵਾਕਾਂ ਦੇ ਅੰਤ ਵਿੱਚ ਹੈ, ਦੀ ਹੈ, ਦਾ ਹੈ, ਹਾਂ, ਦਾ ਹਾਂ, ਦੀ ਹਾਂ, ਦੇ ਹਾਂ, ਹਨ ਲੱਗਦਾ ਹੈ।

3. ਭਵਿੱਖਤ ਕਾਲ ! ਵਾਕ ਵਿੱਚ ਕਿਰਿਆ ਦੇ ਜਿਸ ਰੂਪ ਤੋਂ ਆਉਣ ਵਾਲ਼ੇ ਸਮੇਂ ਦਾ ਪਤਾ ਲਗਦਾ ਹੈ, ਉਸ ਨੂੰ ਭਵਿੱਖਤ ਕਾਲ ਕਿਹਾ ਜਾਂਦਾ ਹੈ; ਜਿਵੇ : ਰੀਟਾ ਪਾਠ ਪੜ੍ਹੇਗੀ। ਭਾਰਤ ਤਰੱਕੀ ਕਰੇਗਾ। ਅਸੀਂ ਸ਼ਿਮਲੇ ਜਾਵਾਂਗੇ।
ਭਵਿੱਖਤ ਕਾਲ ਵਿੱਚ ਆਮ ਕਰਕੇ ਵਾਕਾਂ ਦੇ ਅੰਤ ਵਿੱਚ ਗਾ, ਗੀ, ਗੇ ਲੱਗਦਾ ਹੈ।

Scanned by CamScanner

# ਵਰਤਮਾਨ ਕਾਲ

ਵਰਤਮਾਨ ਕਾਲ ਦੀਆਂ ਹੇਠ ਲਿਖੀਆਂ ਉਪ-ਕਿਸਮਾਂ ਹਨ:-

1. ਸਧਾਰਨ ਵਰਤਮਾਨ ਕਾਲ :- ਇਸ ਕਾਲ ਤੋਂ ਇਹ ਤਾਂ ਸਪਸ਼ਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਤਾਂ ਵਰਤਮਾਨ ਕਾਲ ਵਿੱਚ ਹੋ ਰਿਹਾ ਹੈ ਪਰ ਕੰਮ ਦੀ ਨਿਸ਼ਚਿਤ ਅਵਸਥਾ ਦਾ ਪਤਾ ਨਹੀਂ ਚਲਦਾ; ਜਿਵੇਂ:-

(ੳ) ਮੁੰਡੇ ਕ੍ਰਿਕਟ ਖੇਡਦੇ ਹਨ।

(ਅ) ਕੁੜੀਆਂ ਰੱਸੀ ਟੱਪਦੀਆਂ ਹਨ।

(ੲ) ਬੇਬੇ ਚਰਖਾ ਕੱਤਦੀ ਹੈ।

2. ਪੂਰਨ ਵਰਤਮਾਨ ਕਾਲ :- ਵਾਕ ਵਿੱਚ ਜਦ ਇਹ ਪਤਾ ਲੱਗੇ ਕਿ ਕਿਰਿਆ ਦਾ ਕੰਮ ਵਰਤਮਾਨ ਸਮੇਂ ਵਿੱਚ ਪੂਰਾ ਹੋ ਚੁੱਕਾ ਹੈ; ਜਿਵੇਂ :-

(ੳ) ਮੈਂ ਖ਼ਤ ਪੜ੍ਹ ਚੁੱਕਾ ਹਾਂ।

(ਅ) ਮਾਤਾ ਜੀ ਨੇ ਸਬਜ਼ੀ ਬਣਾ ਲਈ ਹੈ।

(ੲ) ਬਘੇਲ ਘਰ ਆ ਗਿਆ ਹੈ।

(ਸ) ਗੱਡੀ ਸਟੇਸ਼ਨ ਤੇ ਪਹੁੰਚ ਚੁੱਕੀ ਹੈ।

3. ਚਾਲੂ ਵਰਤਮਾਨ ਕਾਲ :- ਜਿਸ ਕਾਲ ਤੋਂ ਇਹ ਪਤਾ ਲੱਗੇ ਕਿ ਕਿਰਿਆ ਦਾ ਕਾਰਜ ਵਰਤਮਾਨ ਸਮੇਂ ਵਿੱਚ ਤਾਂ ਹੋ ਰਿਹਾ ਹੈ ਪਰ ਅਜੇ ਪੂਰਾ ਨਹੀਂ ਹੋਇਆ, ਉਸ ਨੂੰ ਚਾਲੂ ਵਰਤਮਾਨ ਕਿਹਾ ਜਾਂਦਾ ਹੈ; ਜਿਵੇ :(ੳ) ਬੱਚਾ ਰੋ ਰਿਹਾ ਹੈ।

(ਅ) ਮਾਤਾ ਜੀ ਸਬਜ਼ੀ ਬਣਾ ਰਹੇ ਹਨ।

(ੲ) ਬਘੇਲ ਘਰ ਆ ਰਿਹਾ ਹੈ।

(ਸ) ਗੱਡੀ ਸਟੇਸ਼ਨ ਤੇ ਪਹੁੰਚ ਰਹੀ ਹੈ।

4. ਪੂਰਨ ਚਾਲੂ ਵਰਤਮਾਨ ਕਾਲ :- ਇਸ ਕਾਲ ਤੋਂ ਇਹ ਪਤਾ ਲੱਗਦਾ ਹੈ ਕਿ ਕੰਮ ਬੀਤੇ ਸਮੇਂ ਤੋਂ ਅਰੰਭ ਹੋ ਕੇ ਹੁਣ ਤੱਕ ਚੱਲ ਰਿਹਾ ਹੈ; ਜਿਵੇਂ :- (ੳ) ਇਹ ਫ਼ਿਲਮ ਇਸ ਸਿਨੇਮੇਂ ਵਿੱਚ ਕਈ ਸਾਲਾਂ ਤੋਂ ਲੱਗੀ ਹੋਈ ਹੈ।

(ਅ) ਹੁਕਮਾ ਸਵੇਰ ਤੋਂ ਹੀ ਰੋ ਰਿਹਾ ਹੈ।

(ੲ) ਕਈ ਦਿਨਾਂ ਤੋਂ ਹੀ ਝੜੀ ਲੱਗੀ ਹੋਈ ਹੈ।

5. ਹੁਕਮੀ ਵਰਤਮਾਨ ਕਾਲ :- ਵਰਤਮਾਨ ਕਾਲ ਵਿੱਚ ਜਦ ਕਿਸੇ ਨੂੰ ਕੋਈ ਹੁਕਮ, ਤਾਕੀਦ, ਬੇਨਤੀ, ਪ੍ਰੇਰਨਾ ਜਾਂ ਇੱਛਾ ਆਦਿ ਕੀਤੀ ਜਾਵੇ ਤਾਂ ਉਹ ਹੁਕਮੀ ਵਰਤਮਾਨ ਕਾਲ ਕਹਾਉਂਦਾ ਹੈ; ਜਿਵੇਂ :-

(ੳ) ਬੈਂਚ ਤੇ ਖੜੇ ਹੋ ਜਾਓ।

Scanned by CamScanner

(ਅ) ਰੋਣਾ ਬੰਦ ਕਰੋ।
(ੲ) ਰੱਬ ਤੁਹਾਡਾ ਭਲਾ ਕਰੇ।
(ਸ) ਮੈਨੂੰ ਜਾਣ ਦਿਓ।

6. ਸ਼ਰਤੀ ਵਰਤਮਾਨ ਕਾਲ :- ਜਿਸ ਕਾਲ ਵਿੱਚ ਕਿਸੇ ਕੰਮ ਦੇ ਕਰਨ ਦੀ ਕੋਈ ਸ਼ਰਤ ਜਾਂ ਪਾਬੰਦੀ ਲਾਈ ਜਾਵੇ, ਉਸ ਨੂੰ ਸ਼ਰਤੀ ਕਾਲ ਕਹਿੰਦੇ ਹਨ; ਜਿਵੇਂ :-(ੳ) ਰੋਜ਼ ਕਸਰਤ ਕਰੋ (ਫਿਰ ਬਿਮਾਰੀ ਨੇੜੇ ਨਹੀਂ ਆਉਂਦੀ)।
(ਅ) ਸਮੇਂ ਸਿਰ ਕੰਮ ਕਰੀਏ (ਤਾਂ ਬਰਕਤ ਪੈਂਦੀ ਹੈ)।
(ੲ) ਜੇਕਰ ਸੱਚ ਬੋਲੀਏ (ਤਾਂ ਸੁਖ ਮਿਲਦਾ ਹੈ)।

## ਭੂਤ ਕਾਲ

ਭੂਤ ਕਾਲ ਦੀਆਂ ਹੇਠ-ਲਿਖੀਆਂ ਉਪ- ਕਿਸਮਾਂ ਹਨ :-

1. ਸਧਾਰਨ ਭੂਤ ਕਾਲ- ਜਿਸ ਕਾਲ ਵਿੱਚ ਕਿਸੇ ਕੰਮ ਦੀ ਕਿਰਿਆ ਦਾ ਬੀਤੇ ਸਮੇਂ ਵਿੱਚ ਵਿੱ ਹੋਣ ਦਾ ਤਾਂ ਪਤਾ ਲੱਗੇ ਪਰ ਕੰਮ ਦੀ ਅਵਸਥਾ ਬਾਰੇ ਨਿਸ਼ਚਿਤ ਗਿਆਨ ਹੋਵੇ ਨੂੰ ਸਧਾਰਨ ਭੂਤ ਕਾਲ ਕਿਹਾ ਜਾਂਦਾ ਹੈ; ਜਿਵੇਂ :- (ੳ) ਰੇਸ਼ਮ ਨੇ ਪਾਣੀ ਪੀਤਾ।
(ਅ) ਮਛੇਰੇ ਨੇ ਮੱਛੀਆਂ ਫੜੀਆਂ।
(ੲ) ਕੁੱਤੇ ਭੌਂਕਦੇ ਸਨ।

2. ਪੂਰਨ ਭੂਤ ਕਾਲ :- ਜਿਸ ਕਾਲ ਵਿੱਚ ਕਿਸੇ ਕੰਮ ਦੀ ਕਿਰਿਆ ਦਾ ਬੀਤੇ ਸਮੇਂ ਵਿੱਚ ਪੂਰਾ ਹੋਣ ਦਾ ਪਤਾ ਲੱਗੇ, ਉਸ ਨੂੰ ਪੂਰਨ ਭੂਤ ਕਾਲ ਕਿਹਾ ਜਾਂਦਾ ਹੈ; ਜਿਵੇਂ:(ੳ) ਸੋਨੂੰ ਕਿਤਾਬ ਪੜ੍ਹ ਚੁੱਕੀ ਸੀ।
(ਅ) ਮਜ਼ਦੂਰਾਂ ਨੇ ਸੜਕ ਤੇ ਲੁੱਕ ਪਾ ਦਿੱਤੀ ਸੀ।
(ੲ) ਇੰਜਣ ਬੰਦ ਹੋ ਚੁੱਕਾ ਸੀ।

3. ਚਾਲੂ ਭੂਤ ਕਾਲ :- ਜਿਸ ਕਾਲ ਤੋਂ ਇਹ ਪਤਾ ਲੱਗੇ ਕਿ ਕੰਮ ਬੀਤੇ ਸਮੇਂ ਵਿੱਚ ਚਾਲੂ ਸੀ ਅਤੇ ਅਜੇ ਮੁੱਕਾ ਨਹੀਂ ਸੀ; ਜਿਵੇਂ :-
(ੳ) ਅਸੀਂ ਪ੍ਰਸ਼ਨ ਸੁਣਾ ਰਹੇ ਸਾਂ।
(ਅ) ਕੁੱਤੇ ਭੌਂਕ ਰਹੇ ਸਨ।
(ੲ) ਇੰਜਣ ਚੱਲ ਰਿਹਾ ਸੀ।

4. ਪੂਰਨ ਚਾਲੂ ਭੂਤ ਕਾਲ :- ਜਿਸ ਕਾਲ ਵਿੱਚ ਕੋਈ ਕੰਮ ਬੀਤੇ ਸਮੇਂ ਤੋਂ ਸ਼ੁਰੂ ਹੋ ਕੇ ਬੀਤ ਚੁੱਕੇ ਸਮੇਂ ਵਿੱਚ ਹੀ ਕਿਸੇ ਹੋਰ ਵਕਤ

Scanned by CamScanner

ਤੀਕ ਜਾਰੀ ਰਿਹਾ ਹੋਵੇ, ਉਸ ਨੂੰ ਪੂਰਨ ਚਾਲੂ ਭੂਤ ਕਾਲ ਕਿਹਾ ਜਾਂਦਾ ਹੈ; ਜਿਵੇਂ :- (ੳ) ਇੰਜਣ ਸਾਰੀ ਰਾਤ ਚਲਦਾ ਰਿਹਾ ਸੀ।
(ਅ) ਕੁੱਤੇ ਸਾਰੀ ਰਾਤ ਭੌਂਕਦੇ ਰਹੇ ਸਨ।
(ੲ) ਬਰਫ਼ ਕਈ ਹਫ਼ਤੇ ਪੈਂਦੀ ਰਹੀ ਸੀ।

5. ਸ਼ਰਤੀ ਭੂਤ-ਕਾਲ :- ਇਸ ਕਾਲ ਵਿੱਚ ਕਿਰਿਆ ਬਾਰੇ ਕੋਈ ਨਾ ਕੋਈ ਪਾਬੰਦੀ ਜਾਂ ਸ਼ਰਤ ਲੱਗੀ ਹੋਈ ਹੁੰਦੀ ਹੋਵੇ; ਜਿਵੇਂ :-
(ੳ) ਜੇ ਮੇਰੇ ਵੱਸ ਹੁੰਦਾ ਤਾਂ ਮੈਂ ਉਸ ਨੂੰ ਤੰਗ ਨਾ ਕਰਦਾ।
(ਅ) ਜੇ ਤੁਸੀਂ ਮੰਦਾ ਨਾ ਬੋਲਦੇ ਤਾਂ ਨੁਕਸਾਨ ਨਹੀਂ ਸੀ ਹੋਣਾ।
(ੲ) ਜੇ ਧਿਆਨ ਨਾਲ ਪੜ੍ਹਦੇ ਤਾਂ ਫੇਲ ਨਹੀਂ ਸੀ ਹੋਣਾ।

## ਭਵਿੱਖਤ ਕਾਲ

1. ਸਧਾਰਨ ਭਵਿੱਖਤ ਕਾਲ :- ਜਿਸ ਕਾਲ ਵਿੱਚ ਕਿਸੇ ਕੰਮ ਦੀ ਕਿਰਿਆ ਦੇ ਬਾਰੇ ਇਹ ਪਤਾ ਲੱਗੇ ਕਿ ਕੰਮ ਆਉਣ ਵਾਲੇ ਸਮੇਂ ਵਿੱਚ ਤਾਂ ਹੋਵੇਗਾ ਪਰ ਉਸ ਦੀ ਹਾਲਤ ਦਾ ਪੂਰਨ ਗਿਆਨ ਨਾ ਹੋਵੇ ਤਾਂ ਉਸ ਨੂੰ ਸਧਾਰਨ ਭਵਿੱਖਤ ਕਾਲ ਕਿਹਾ ਜਾਂਦਾ ਹੈ; ਜਿਵੇਂ-(ੳ) ਅਸੀਂ ਪੜ੍ਹਾਂਗੇ
(ਅ) ਸਾਡੀ ਟੀਮ ਮੈਚ ਖੇਡੇਗੀ।
(ੲ) ਅਧਿਆਪਕ ਪਾਠ ਪੜ੍ਹਾਉਣਗੇ।

2. ਪੂਰਨ ਭਵਿੱਖਤ ਕਾਲ :- ਜਿਸ ਕਾਲ ਵਿੱਚ ਇਹ ਪਤਾ ਚੱਲੇ ਕਿ ਆਉਣ ਵਾਲੇ ਸਮੇਂ ਵਿੱਚ ਕਿਰਿਆ ਦਾ ਕੰਮ ਪੂਰਾ ਹੋ ਚੁੱਕਾ ਹੋਵੇਗਾ, ਨੂੰ ਪੂਰਨ ਭਵਿੱਖਤ ਕਾਲ ਕਿਹਾ ਜਾਂਦਾ ਹੈ; ਜਿਵੇਂ :-(ੳ) ਅਸੀਂ ਪੜ੍ਹ ਚੁੱਕੇ ਹੋਵਾਂਗੇ।
(ਅ) ਸਾਡੀ ਟੀਮ ਮੈਚ ਖੇਡ ਚੁੱਕੀ ਹੋਵੇਗੀ।
(ੲ) ਅਧਿਆਪਕ ਪਾਠ ਪੜ੍ਹਾ ਚੁੱਕੇ ਹੋਣਗੇ।

3. ਚਾਲੂ ਭਵਿੱਖਤ ਕਾਲ :- ਜਿਸ ਕਾਲ ਵਿੱਚ ਇਹ ਪਤਾ ਲੱਗੇ ਕਿ ਆਉਂਦੇ ਸਮੇਂ ਵਿੱਚ ਕਿਰਿਆ ਦਾ ਕੰਮ ਜਾਰੀ ਰਿਹਾ ਹੋਵੇਗਾ, ਨੂੰ ਚਾਲੂ ਭਵਿੱਖਤ ਕਾਲ ਕਿਹਾ ਜਾਂਦਾ ਹੈ; ਜਿਵੇਂ :-
(ੳ) ਅਸੀਂ ਪੜ੍ਹ ਰਹੇ ਹੋਵਾਂਗੇ।
(ਅ) ਸਾਡੀ ਟੀਮ ਮੈਚ ਖੇਡ ਰਹੀ ਹੋਵੇਗੀ।
(ੲ) ਅਧਿਆਪਕ ਪਾਠ ਪੜ੍ਹਾ ਰਹੇ ਹੋਣਗੇ।

4. ਸ਼ਰਤੀ ਭਵਿੱਖਤ ਕਾਲ :- ਜਿਸ ਕਾਲ ਵਿੱਚ ਕਿਸੇ ਕੰਮ ਨੂੰ ਕਰਨ ਦੀ ਸ਼ਰਤ ਪਾਈ ਗਈ ਹੋਵੇ ਨੂੰ ਸ਼ਰਤੀ ਭਵਿੱਖਤ ਕਾਲ ਕਿਹਾ ਜਾਂਦਾ ਹੈ; ਜਿਵੇਂ :- (ੳ) ਜੇ ਪੜ੍ਹੋਗੇ ਤਾਂ ਪਾਸ ਹੋ ਜਾਓਗੇ।
(ਅ) ਜੇ ਪਰਹੇਜ਼ ਕਰੋਗੇ ਤਾਂ ਛੇਤੀ ਰਾਜ਼ੀ ਹੋਵੋਗੇ।
(ੲ) ਬੱਦਲ ਸਾਫ਼ ਰਹੇਗਾ ਤਾਂ ਸੈਰ ਕਰਨ ਜਾਵਾਂਗੇ।

Scanned by CamScanner

# ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਕਾਲ ਕਿਸ ਨੂੰ ਆਖਦੇ ਹਨ?

(ਅ) ਕਾਲ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

2. ਖਾਲੀ ਥਾਵਾਂ ਭਰੋ:-

(ੳ) ਵਰਤਮਾਨ ਕਾਲ .......... ਸਮਾਂ ਹੁੰਦਾ ਹੈ।

(ਅ) ਭੂਤ ਕਾਲ ...... ਸਮੇਂ ਦਾ ਨਾਂ ਹੈ।

(ੲ) .......... ਆਉਣ ਵਾਲੇ ਸਮੇਂ ਬਾਰੇ ਜਾਣਕਾਰੀ ਦਿੰਦਾ ਹੈ।

3. ਹੇਠ ਲਿਖੇ ਵਾਕ ਕਿਹੜੇ ਕਾਲ ਨਾਲ ਸੰਬੰਧ ਰੱਖਦੇ ਹਨ?

(ੳ) ਨਰੇਸ਼ ਕਹਾਣੀ ਲਿਖਦਾ ਹੈ। ----------

(ਅ) ਅਨਿਲ ਕੇਕ ਖਾ ਰਿਹਾ ਸੀ। ----------

(ੲ) ਭਾਰਤ ਦੀ ਟੀਮ ਮੈਚ ਖੇਡੇਗੀ। ----------

(ਸ) ਕਿਸਾਨ ਹਲ਼ ਚਲਾ ਰਿਹਾ ਸੀ। ----------

(ਹ) ਮਨਜੀਤ ਪਤੰਗ ਉਡਾ ਰਿਹਾ ਹੈ। ----------

(ਕ) ਨੌਕਰ ਨੇ ਗਲਾਸ ਤੋੜ ਦਿੱਤਾ। ----------

(ਖ) ਭਾਰਤ ਬਹੁਤ ਤਰੱਕੀ ਕਰੇਗਾ। ----------

(ਗ) ਸ਼ਾਇਦ ਮੀਂਹ ਪਵੇ। ----------

(ਘ) ਪਸ਼ੂ ਘਾਹ ਚਰਦੇ ਹਨ। ----------

(ਙ) ਅਸੀਂ ਜ਼ਿੰਮੇਵਾਰ ਬਣਾਂਗੇ। ----------

4. ਹੇਠਾਂ ਦਿੱਤੇ ਵਾਕਾਂ ਨੂੰ ਭੂਤਕਾਲ ਵਿੱਚ ਬਦਲ ਕੇ ਲਿਖੋ:

(ੳ) ਸਚਿਨ ਕ੍ਰਿਕਟ ਖੇਡਦਾ ਹੈ।

----------

(ਅ) ਸੁਨੀਤਾ ਨਾਸ਼ਪਾਤੀ ਖਾ ਰਹੀ ਹੈ।

----------

(ੲ) ਸੂਰਜ ਨਿਕਲ ਰਿਹਾ ਹੈ।

----------

(ਸ) ਸ਼ਿੰਦਰ ਸਕੂਲ ਜਾਵੇਗਾ।

----------

(ਹ) ਔਰਤਾਂ ਪਾਣੀ ਭਰ ਰਹੀਆਂ ਹਨ।

----------

Scanned by CamScanner

5. ਹੇਠਾਂ ਦਿੱਤੇ ਵਾਕਾਂ ਨੂੰ ਵਰਤਮਾਨ ਕਾਲ ਵਿੱਚ ਬਦਲ ਕੇ ਲਿਖੋ:

(ੳ) ਵਰਖਾ ਪੈ ਰਹੀ ਸੀ।

..........

(ਅ) ਕਵੀ ਕਵਿਤਾ ਸੁਣਾਵੇਗਾ।

..........

(ੲ) ਹਰਦੀਪ ਸਿੰਘ ਸਾਡੇ ਪਿੰਡ ਦਾ ਸਰਪੰਚ ਸੀ।

..........

(ਸ) ਅਮਨ ਪਤੰਗ ਉਡਾ ਰਿਹਾ ਸੀ।

..........

(ਹ) ਰੀਟਾ ਕੰਮ ਕਰ ਰਹੀ ਸੀ।

..........

6. ਹੇਠਾਂ ਦਿੱਤੇ ਵਾਕਾਂ ਨੂੰ ਭਵਿੱਖਤ ਕਾਲ ਵਿੱਚ ਬਦਲ ਕੇ ਲਿਖੋ:

(ੳ) ਗੁਰਜੀਤ ਸਰਕਸ ਵੇਖਣ ਗਿਆ।

..........

(ਅ) ਨੌਕਰ ਸਮਾਨ ਤੋਲ ਰਿਹਾ ਸੀ।

..........

(ੲ) ਮੈਂ ਲੁਧਿਆਣੇ ਪੜ੍ਹਦਾ ਹਾਂ।

..........

(ਸ) ਮਾਤਾ ਜੀ ਚਾਹ ਪੀ ਰਹੇ ਹਨ।

..........

(ਹ) ਕੱਲ ਸੁਰੇਸ਼ ਦਿੱਲੀ ਗਿਆ।

..........

Scanned by CamScanner

# ਵਿਸ਼ੇਸ਼ਣ

**ਜੋ ਸ਼ਬਦ ਕਿਸੇ ਵਸਤੂ ਦਾ ਗੁਣ, ਔਗੁਣ ਜਾਂ ਗਿਣਤੀ ਮਿਣਤੀ ਦੱਸ ਕੇ ਉਸ ਨੂੰ ਆਮ ਤੋਂ ਖਾਸ ਬਣਾਵੇ, ਉਸ ਨੂੰ ਵਿਸ਼ੇਸ਼ਣ ਆਖਦੇ ਹਨ।**

ਜਦੋਂ ਅਸੀਂ ਕਿਸੇ ਜੀਵ, ਜਗ੍ਹਾ ਜਾਂ ਵਸਤੂ ਦਾ ਗੁਣ, ਔਗੁਣ, ਰੰਗ, ਆਕਾਰ ਆਦਿ ਦਾ ਜ਼ਿਕਰ ਕਰਦੇ ਹਾਂ ਤਾਂ ਉਹ ਵਸਤੂ ਉਹੋ ਜਿਹੀਆਂ ਦੂਜੀਆਂ ਵਸਤੂਆਂ ਤੋਂ ਵਿਸ਼ੇਸ਼ ਬਣ ਜਾਂਦੀ ਹੈ। ਅਜਿਹੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਵਿਆਕਰਨ ਵਿੱਚ ਵਿਸ਼ੇਸ਼ਣ ਕਿਹਾ ਜਾਂਦਾ ਹੈ।

ਵਿਸ਼ੇਸ਼ਣ :- ਉਹ ਸ਼ਬਦ ਜੋ ਨਾਂਵ ਜਾਂ ਪੜਨਾਂਵ ਸ਼ਬਦਾਂ ਦੀ ਨਾਪ-ਤੋਲ, ਸੰਖਿਆ ਅਤੇ ਗੁਣ ਸੰਬੰਧੀ ਵਿਸ਼ੇਸ਼ਤਾ ਦਾ ਬੋਧ ਕਰਵਾਉਂਦੇ ਹਨ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ:- ਮਹਿੰਦਰ ਬੁੱਧੀਮਾਨ ਹੈ। ਚਿੱਟਾ ਦੁਪੱਟਾ ਸ਼ਾਲਿਨੀ ਦਾ ਹੈ। ਠੰਢਾ ਜਲ ਛਕੋ। ਇਹਨਾਂ ਵਾਕਾਂ ਵਿੱਚ ਮਹਿੰਦਰ, ਦੁਪੱਟਾ ਅਤੇ ਜਲ ਨਾਂਵ ਸ਼ਬਦ ਹਨ ਅਤੇ ਬੁੱਧੀਮਾਨ, ਚਿੱਟਾ ਅਤੇ ਠੰਢਾ ਵਿਸ਼ੇਸ਼ਣ ਹਨ।

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ:

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ (ਗਿਣਤੀਵਾਚਕ ਵਿਸ਼ੇਸ਼ਣ)
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀਂ ਵਿਸ਼ੇਸ਼ਣ

ਵਿਸ਼ੇਸ਼ਣ ਦੋ ਤਰ੍ਹਾਂ ਨਾਲ ਵਰਤੇ ਜਾਂਦੇ ਹਨ :-

1. ਵਿਸ਼ੇਸ਼ ਨਾਲ 2. ਕਿਰਿਆ ਨਾਲ

ਵਿਸ਼ੇਸ਼ ਨਾਲ – ਜਦ ਵਿਸ਼ੇਸ਼ਣ ਕਿਰਿਆ ਦੀ ਸਹਾਇਤਾ ਤੋਂ ਬੀ ਬਿਨਾ ਹੀ ਕਿਸੇ ਵਿਸ਼ੇਸ਼ ਦੇ ਗੁਣ ਔਗੁਣ ਆਦਿ ਦੱਸੇ, ਜਿਵੇਂ – ਲਾਲ ਟੋਪੀ ਲਿਆਉ।

ਕਿਰਿਆ ਨਾਲ – ਜਦ ਵਿਸ਼ੇਸ਼ਣ ਵਿਸ਼ੇਸ਼ ਵਸਤੂ ਦਾ ਗੁਣ ਔਗੁਣ, ਕਿਰਿਆ ਦੀ ਸਹਾਇਤਾ ਨਾਲ ਦੱਸੇ; ਜਿਵੇਂ – ਚਾਹ ਗਰਮ ਹੈ। ਅੰਬ ਮਿੱਠੇ ਹਨ। ਇਹਨਾਂ ਵਾਕਾਂ ਵਿੱਚ ਵਿਸ਼ੇਸ਼ਣ ਵਿਸ਼ੇਸ਼ ਤੋਂ ਪਿੱਛੋਂ ਆਇਆ ਹੈ।

1. ਗੁਣਵਾਚਕ ਵਿਸ਼ੇਸ਼ਣ – ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੇ ਗੁਣਾਂ ਜਾਂ ਔਗੁਣਾਂ ਬਾਰੇ ਦੱਸ ਕੇ ਉਹਨਾਂ ਨੂੰ ਆਮ ਤੋਂ ਵਿਸ਼ੇਸ਼ ਬਣਾਉਣ, ਉਹਨਾਂ ਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ: ਸਤੀਸ਼ ਚੰਗਾ ਲੜਕਾ ਹੈ। ਸਿਮਰਨ ਚਲਾਕ ਕੁੜੀ ਹੈ। ਉਸ ਦੀ ਪੱਗ ਦਾ ਰੰਗ ਲਾਲ ਹੈ। ਇਹਨਾਂ ਵਾਕਾਂ ਦੇ ਵਿੱਚ ਚੰਗਾ, ਚਲਾਕ ਅਤੇ ਲਾਲ ਸ਼ਬਦ ਗੁਣਵਾਚਕ ਵਿਸ਼ੇਸ਼ਣ ਹਨ।

2. ਗਿਣਤੀ ਜਾਂ ਸੰਖਿਆਵਾਚਕ ਵਿਸ਼ੇਸ਼ਣ – ਜਿਹੜੇ ਸ਼ਬਦਾਂ ਤੋਂ ਨਾਂਵ ਜਾਂ ਪੜਨਾਂਵ ਸ਼ਬਦਾਂ ਦੀ ਗਿਣਤੀ ਕਿ ਉਹ ਕਿੰਨੇ ਹਨ ਇਸ ਦਾ ਪਤਾ ਲੱਗੇ, ਉਹਨਾਂ ਸ਼ਬਦਾਂ ਨੂੰ ਗਿਣਤੀਵਾਚਕ ਜਾਂ ਸੰਖਿਆਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਮੇਰੇ ਕੋਲ ਪੰਜ ਕਿਤਾਬਾਂ ਹਨ। ਤੁਹਾਡਾ ਇੱਥੇ ਚੌਥਾ ਚੱਕਰ ਹੈ। ਇਹ ਸਕੂਲ ਅੱਠਵੀਂ ਤੱਕ ਹੈ। ਇਹਨਾਂ ਵਾਕਾਂ ਵਿੱਚ ਪੰਜ, ਚੌਥਾ ਅਤੇ ਅੱਠਵੀਂ ਸ਼ਬਦ ਸੰਖਿਆਵਾਚਕ ਵਿਸ਼ੇਸ਼ਣ ਹਨ।

Scanned by CamScanner

3. ਪਰਿਮਾਣ ਵਾਚਕ ਵਿਸ਼ੇਸ਼ਣ - ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੀ ਮਿਣਤੀ, ਤੋਲ ਜਾਂ ਨਾਪ ਦੱਸਣ, ਉਹਨਾਂ ਸ਼ਬਦਾਂ ਨੂੰ ਪਰਿਮਾਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਮੇਰੇ ਸੂਟ ਨੂੰ ਪੰਜ ਮੀਟਰ ਕੱਪੜਾ ਲੱਗਦਾ ਹੈ। ਦੋ ਕਿਲੋ ਖੰਡ ਦੇਣਾ। ਪੰਜ ਲਿਟਰ ਪਟਰੌਲ ਪਾ ਦਿਓ। ਇਹਨਾਂ ਵਾਕਾਂ ਵਿੱਚ ਪੰਜ ਮੀਟਰ, ਦੋ ਕਿਲੋ ਅਤੇ ਪੰਜ ਲਿਟਰ ਸ਼ਬਦ ਪਰਿਮਾਣ-ਵਾਚਕ ਵਿਸ਼ੇਸ਼ਣ ਹਨ।

4. ਨਿਸ਼ਚੇਵਾਚਕ ਵਿਸ਼ੇਸ਼ਣ - ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਵੱਲ ਨਿਸ਼ਚੇ ਪੂਰਵਕ ਸੰਕੇਤ ਕਰੇ ਤੇ ਉਸ ਨੂੰ ਆਮ ਤੋਂ ਖਾਸ ਬਣਾਏ ਉਸ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ - ਔਹ ਰੁੱਖ ਮੈਂ ਲਾਇਆ ਸੀ। ਇਹ ਮੁੰਡਾ ਬਹੁਤ ਹੁਸ਼ਿਆਰ ਹੈ। ਮੈਂ ਇੱਥੇ ਹੀ ਸੁੱਤਾ ਸਾਂ। ਇਹਨਾਂ ਵਾਕਾਂ ਵਿੱਚ ਔਹ, ਇਹ ਅਤੇ ਇੱਥੇ ਨਿਸ਼ਚੇਵਾਚਕ ਵਿਸ਼ੇਸ਼ਣ ਹਨ।

5. ਪੜਨਾਂਵੀਂ ਵਿਸ਼ੇਸ਼ਣ - ਜਿਹੜੇ ਸ਼ਬਦ ਪੜਨਾਂਵ ਹੋਣ ਪਰ ਨਾਂਵ ਸ਼ਬਦ ਦੇ ਨਾਲ਼ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰਨ, ਉਹਨਾਂ ਨੂੰ ਪੜਨਾਂਵੀਂ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਜਿਸ ਮੁੰਡੇ ਨੇ ਗੀਤ ਗਾਇਆ ਹੈ ਉਹ ਮੇਰਾ ਭਰਾ ਹੈ। ਮੇਰੀ ਕਵਿਤਾ ਨੇ ਪਹਿਲਾ ਇਨਾਮ ਜਿੱਤਿਆ। ਸਾਡੇ ਅਧਿਆਪਕ ਦਾ ਨਾਂ ਸੁਖਦੇਵ ਸਿੰਘ ਹੈ। ਇਹਨਾਂ ਵਾਕਾਂ ਵਿੱਚ ਜਿਸ, ਮੇਰੀ, ਸਾਡੇ ਪੜਨਾਂਵੀ ਵਿਸ਼ੇਸ਼ਣ ਹਨ।

## ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਵਿਸ਼ੇਸ਼ਣ ਕਿਸ ਨੂੰ ਆਖਦੇ ਹਨ?

(ਅ) ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਉਦਾਹਰਨਾਂ ਸਹਿਤ ਵਰਨਣ ਕਰੋ।

2. ਖਾਲੀ ਸਥਾਨ ਭਰੋ:

(ੳ) ਵਿਸ਼ੇਸ਼ਣ ਦੇ ...... ਭੇਦ ਹੁੰਦੇ ਹਨ।

(ਅ) ਜੋ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ........ ਕਿਹਾ ਜਾਂਦਾ ਹੈ।

(ੲ) ਜਿਹੜਾ ਸ਼ਬਦ ਨਾਂਵ ਦੇ ਗੁਣ ਜਾਂ ਦੋਸ਼ ਦੱਸੇ, ਉਸ ਨੂੰ ...... ਵਿਸ਼ੇਸ਼ਣ ਕਹਿੰਦੇ ਹਨ।

(ਸ) ਜਿਹੜਾ ਸ਼ਬਦ ਨਾਂਵ ਦੇ ਨਾਪ-ਤੋਲ ਦਾ ਅਨੁਮਾਨ ਦੱਸੇ, ਉਸ ਨੂੰ .... ਵਿਸ਼ੇਸ਼ਣ ਕਹਿੰਦੇ ਹਨ।

Scanned by CamScanner

3. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਚੁਣ ਕੇ ਉਹਨਾਂ ਦੀਆਂ ਕਿਸਮਾਂ ਲਿਖੋ:

(ੳ) ਉਹ ਕੁੜੀ ਗਾਉਂਦੀ ਹੈ। ਨਿਸ਼ਚੇਵਾਚਕ

(ਅ) ਅਹੁ ਸਾਡਾ ਘਰ ਹੈ। ------

(ੲ) ਮੇਰਾ ਕੁੜਤਾ ਨੀਲੇ ਰੰਗ ਦਾ ਹੈ। -------

(ਸ) ਇਹ ਕੱਪੜਾ ਦੋ ਮੀਟਰ ਲੰਬਾ ਹੈ। ------

(ਹ) ਰਮੇਸ਼ ਬੜਾ ਲਾਇਕ ਮੁੰਡਾ ਹੈ। ------

(ਕ) ਮਿੱਠੇ ਅੰਬ ਸਭ ਨੂੰ ਚੰਗੇ ਲੱਗਦੇ ਹਨ। ------

(ਖ) ਕੁਝ ਬੱਚੇ ਖੇਡ ਰਹੇ ਹਨ। -----

(ਗ) ਇਸ ਪਲਾਟ ਦੀ ਕੀਮਤ ਦੋ ਲੱਖ ਰੁਪਏ ਹੈ। ------

(ਘ) ਮਨਦੀਪ ਸੱਤਵੀਂ ਵਿੱਚ ਪੜ੍ਹਦਾ ਹੈ। ------

(ਙ) ਨਿਰਮਲ ਨੇ ਥੋੜਾ ਜਿਹਾ ਖਾਣਾ ਖਾਇਆਂ। ------

4. ਮਿਲਾਨ ਕਰੋ :-

| | |
|---|---|
| ਦੋ, ਚਾਰ, ਸੱਤ | ਪੜਨਾਂਵੀ ਵਿਸ਼ੇਸ਼ਣ |
| ਥੋੜਾ, ਬਹੁਤ ਕਾਫੀ | ਗੁਣਵਾਚਕ ਵਿਸ਼ੇਸ਼ਣ |
| ਪਤਲਾ, ਮੋਟਾ, ਸੁੰਦਰ | ਨਿਸ਼ਚੇਵਾਚਕ ਵਿਸ਼ੇਸ਼ਣ |
| ਜਿਸ, ਮੇਰੀ, ਜਿਹੜਾ | ਸੰਖਿਆਵਾਚਕ ਵਿਸ਼ੇਸ਼ਣ |
| ਅਹਿ, ਅਹੁ, ਉਹ | ਪਰਿਮਾਣਵਾਚਕ ਵਿਸ਼ੇਸ਼ਣ |

Scanned by CamScanner

# ਕਿਰਿਆ-ਵਿਸ਼ੇਸ਼ਣ

ਕਿਰਿਆ-ਵਿਸ਼ੇਸ਼ਣ — ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ, ਢੰਗ, ਤਰੀਕਾ ਆਦਿ ਦੱਸੇ ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਤਰਸੇਮ ਤੇਜ਼ ਪੜ੍ਹਦਾ ਹੈ। ਉਹ ਖ਼ੂਬ ਮਿਹਨਤ ਕਰਦਾ ਹੈ। ਸੀਤਾ ਕਾਹਲ਼ੀ ਤੁਰਦੀ ਹੈ। ਇਹਨਾਂ ਵਾਕਾਂ ਵਿੱਚ ਤੇਜ਼, ਖ਼ੂਬ ਅਤੇ ਕਾਹਲੀ ਕਿਰਿਆ-ਵਿਸ਼ੇਸ਼ਣ ਹਨ।

ਜੋ ਸ਼ਬਦ ਕਿਸੇ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰੇ ਜਾਂ ਵਾਕ ਦੀ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ, ਅਸਥਾਨ ਜਾਂ ਕਾਰਨ ਦੱਸੇ

ਕਿਰਿਆ-ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ:

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ
4. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ
6. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ :— ਵਾਕ ਵਿੱਚ ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਜਾਂ ਕੰਮ ਦੇ ਹੋਣ ਦੇ ਸਮੇਂ ਦਾ ਪਤਾ ਲੱਗੇ, ਉਹਨਾਂ ਸ਼ਬਦਾਂ ਨੂੰ ਵਿਆਕਰਨ ਅਨੁਸਾਰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਹੁਣੇ, ਭਲ਼ਕੇ, ਰਾਤੋ-ਰਾਤ, ਹਰ ਰੋਜ਼, ਕਦੇ-ਕਦਾਈਂ ਆਦਿ।

2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ :— ਵਾਕ ਵਿੱਚ ਜਿਹੜੇ ਸ਼ਬਦਾਂ ਦੁਆਰਾ ਇਹ ਪਤਾ ਲੱਗਦਾ ਹੈ ਕਿ ਕੰਮ ਜਾਂ ਕਿਰਿਆ ਕਿੱਥੇ ਹੋਈ, ਉਹਨਾਂ ਸ਼ਬਦਾਂ ਨੂੰ ਵਿਆਕਰਨ ਅਨੁਸਾਰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ !- ਘਰ, ਬਜ਼ਾਰ, ਇੱਧਰ, ਪਿੱਛੇ, ਸਾਹਮਣੇ, ਸੱਜਿਓਂ, ਖੱਬਿਓਂ, ਨੇੜੇ, ਦੂਰ, ਇੱਥੇ, ਉੱਥੇ ਆਦਿ।

3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ !— ਵਾਕ ਵਿੱਚ ਜਿਹੜੇ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਢੰਗ ਜਾਂ ਪ੍ਰਕਾਰ ਦਾ ਗਿਆਨ ਹੋਵੇ, ਉਹਨਾਂ ਨੂੰ ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ !- ਹੌਲ਼ੀ, ਛੇਤੀ, ਇਸ ਤਰ੍ਹਾਂ, ਉਸ ਤਰ੍ਹਾਂ, ਇੰਝ, ਉਂਵ, ਕਾਹਲ਼ੀ, ਹੌਲ਼ੀ-ਹੌਲ਼ੀ ਆਦਿ।

4. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ :— ਵਾਕ ਵਿੱਚ ਜਿਹੜੇ ਸ਼ਬਦਾਂ ਤੋਂ ਇਹ ਪਤਾ ਲੱਗੇ ਕਿ ਕਿਰਿਆ ਕਿੰਨੇ ਵਾਰ ਹੋਈ ਹੈ, ਉਹਨਾਂ ਨੂੰ ਵਿਆਕਰਨ ਦੇ ਅਨੁਸਾਰ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ !- ਘੜੀ-ਮੁੜੀ, ਦੁਬਾਰਾ, ਕਈ ਵਾਰ, ਇੱਕ-ਇੱਕ, ਦੋ-ਦੋ, ਦੂਜੇ-ਤੀਜੇ, ਵਾਰ-ਵਾਰ ਆਦਿ।

5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ :— ਵਾਕ ਵਿੱਚ ਜਿਹੜੇ ਸ਼ਬਦ ਕਿਰਿਆ ਦੇ ਕੰਮ ਦਾ ਅੰਦਾਜ਼ਾ ਜਾਂ ਮਿਣਤੀ ਬਾਰੇ ਦੱਸਣ, ਉਹਨਾਂ ਸ਼ਬਦਾਂ ਨੂੰ ਵਿਆਕਰਨ ਦੇ ਅਨੁਸਾਰ ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ !— ਜ਼ਰਾ, ਬਹੁਤ, ਏਨਾ, ਜਿੰਨਾ, ਰਤਾ ਕੁ, ਥੋੜਾ, ਵਧ, ਘਟ, ਬਹੁਤ ਕੁਝ ਆਦਿ।

Scanned by CamScanner

6. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ!— ਵਾਕ ਵਿੱਚ ਜਿਹੜੇ ਸ਼ਬਦਾਂ ਤੋਂ ਕਿਰਿਆ ਜਾਂ ਕੰਮ ਦੇ ਹੋਣ ਦਾ ਪਤਾ ਲੱਗੇ, ਉਹਨਾਂ ਸ਼ਬਦਾਂ ਨੂੰ ਵਿਆਕਰਨ ਅਨੁਸਾਰ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :— ਇਸ ਲਈ, ਕਿਉਂਕਿ, ਤਦੇ, ਤਾਂ ਹੀ, ਕਿਉਂ ਜੋ, ਤਾਂ, ਜੋ ਆਦਿ।

7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ !— ਵਾਕ ਵਿੱਚ ਜਿਨ੍ਹਾਂ ਸ਼ਬਦਾਂ ਤੋਂ ਕੰਮ ਦੇ ਹੋਣ ਜਾਂ ਨਾ ਹੋਣ ਦੇ ਨਿਰਣੇ ਦਾ ਗਿਆਨ ਹੋਵੇ, ਉਹਨਾਂ ਸ਼ਬਦਾਂ ਨੂੰ ਵਿਆਕਰਨ ਅਨੁਸਾਰ ਨਿਰਨਾ-ਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ:- ਜੀ ਹਾਂ, ਆਹੋ ਜੀ, ਚੰਗਾ ਜੀ, ਠੀਕ, ਸਤਿ ਬਚਨ, ਜ਼ਰੂਰ ਆਦਿ।

8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ !— ਵਾਕ ਵਿੱਚ ਜਿਨ੍ਹਾਂ ਸ਼ਬਦਾ ਤੋਂ ਕਿਰਿਆ ਦੇ ਹੋਣ ਦੀ ਪਕਿਆਈ, ਨਿਸ਼ਚਤਤਾ ਜਾਂ ਵਿਸ਼ਵਾਸ ਦਾ ਪਤਾ ਲੱਗੇ, ਉਹਨਾਂ ਨੂੰ ਵਿਆਕਰਨ ਦੇ ਅਨੁਸਾਰ ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ!- ਬੇਸ਼ੱਕ, ਬਿਲਕੁਲ, ਸੱਚ-ਮੁੱਚ ਆਦਿ।

## ਅਭਿਆਸ

ਪ੍ਰ. 1. ਕਿਰਿਆ-ਵਿਸ਼ੇਸ਼ਣ ਕੀ ਹੁੰਦਾ ਹੈ?

ਪ੍ਰ. 2. ਕਿਰਿਆ-ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹਨ? ਇਸ ਬਾਰੇ ਵਿਸਥਾਰ ਨਾਲ਼ ਲਿਖੋ।

ਪ੍ਰ. 3. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ!

(ੳ) ਕਿਰਿਆ-ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ?
(1) ਜਿਹੜੇ ਸ਼ਬਦ ਕਿਰਿਆ ਬਾਰੇ ਦੱਸਣ।
(2) ਜਿਹੜੇ ਸ਼ਬਦ ਵਿਸ਼ੇਸ਼ਣ ਬਾਰੇ ਦੱਸਣ।
(3) ਜਿਹੜਾ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦੱਸੇ।
(4) ਜਿਹੜਾ ਸ਼ਬਦ ਲਗਾਂ ਬਾਰੇ ਦੱਸੇ।

(ਅ) ਕਿਰਿਆ-ਵਿਸ਼ੇਸ਼ਣ ਦੇ ਕਿੰਨੇ ਭੇਦ ਹਨ?
(1) ਛੇ (2) ਅੱਠ
(3) ਪੰਜ (4) ਚਾਰ

(ੲ) ਰਜਿੰਦਰ ਸਵੇਰੇ ਉੱਠ ਕੇ ਪੜ੍ਹਦੀ ਹੈ। ਇਸ ਵਾਕ ਵਿੱਚ ਕਿਹੜੇ ਸ਼ਬਦ ਕਿਰਿਆ ਵਿਸ਼ੇਸ਼ਣ ਹਨ?
(1) ਰਜਿੰਦਰ (2) ਸਵੇਰੇ
(3) ਉੱਠ ਕੇ (4) ਪੜ੍ਹਦੀ

ਪ੍ਰ 4. ਹੇਠ ਲਿਖੇ ਕਿਰਿਆ-ਵਿਸ਼ੇਸ਼ਣ ਸ਼ਬਦਾਂ ਦੇ ਸਾਹਮਣੇ ਉਹਨਾਂ ਦੀ ਕਿਸਮ ਲਿਖੋ:

| | | | | | |
|---|---|---|---|---|---|
| (ੳ) | ਦਿਨੋ-ਦਿਨ | ______ | (ਕ) | ਬਥੇਰਾ | ______ |
| (ਅ) | ਇਸ ਤਰ੍ਹਾਂ | ______ | (ਖ) | ਇਸੇ ਕਰਕੇ | ______ |
| (ੲ) | ਵਾਰ-ਵਾਰ | ______ | (ਗ) | ਆਹੋ ਜੀ | ______ |
| (ਸ) | ਬਹੁਤ ਅੱਛਾ | ______ | (ਘ) | ਤਦੇ ਹੀ | ______ |
| (ਹ) | ਜ਼ਰੂਰ | ______ | (ਙ) | ਸਤਿ ਬਚਨ | ______ |

Scanned by CamScanner

੫5. ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣ ਕੇ ਸਾਹਮਣੇ ਦਿੱਤੀ ਖਾਲੀ ਥਾਂ ਤੇ ਲਿਖੋ ਤੇ ਉਹਨਾਂ ਦੀ ਕਿਸਮ ਵੀ ਦੱਸੋ?

(ੳ) ਰਾਮ ਹੌਲੀ ਹੌਲੀ ਤੁਰਦਾ ਹੈ। ....... ........

(ਅ) ਅੱਜ ਬਹੁਤ ਗਰਮੀ ਹੈ। ....... ........

(ੲ) ਮੰਜਾ ਕੋਠੇ ਤੇ ਪਿਆ ਹੈ। ....... ........

(ਸ) ਜੀ ਹਾਂ, ਮੈਂ ਇਹ ਕੰਮ ਕਰਾਂਗਾ। ....... ........

(ਹ) ਅੱਧੇ ਘੰਟੇ ਦਾ ਕੰਮ ਰਹਿ ਗਿਆ ਹੈ। ....... ........

(ਕ) ਸੁਮਨ ਬਹੁਤ ਸੁੰਦਰ ਲਿਖਦੀ ਹੈ। ....... ........


(ਖ) ਸੜਕ ਸੱਜੇ ਪਾਸਿਓਂ ਮੁੜ ਜਾਂਦਾ। ....... ........

(ਗ) ਮੈਨੂੰ ਘੜੀ-ਮੁੜੀ ਤੰਗ ਨਾ ਕਰੋ। ....... ........

(ਘ) ਜਦੋਂ ਮੈਂ ਆਇਆ ਤੂੰ ਰੋਟੀ ਖਾਣ ਜਾਵੀਂ ....... ........

(ਙ) ਉਹ ਜ਼ਰੂਰ ਪੜ੍ਹੇਗਾ। ....... ........

੫6. ਖਾਲੀ ਡੱਬਿਆਂ ਤੇ ਕਿਰਿਆ-ਵਿਸ਼ੇਸ਼ਣ ਦੇ ਅੱਠ ਭੇਦ ਪੂਰੇ ਕਰੋ।




Scanned by CamScanner